# ਮਾਪਿਆਂ ਲਈ ਕਿਹੜੇ ਸਰੋਤ ਮੌਜੂਦ ਹਨ?

*ਆਪਣੇ ਬੱਚੇ ਦੀ ਸਕੂਲ ‘ਚ ਹਾਜ਼ਰੀ ਦੇ ਸਬੰਧ ‘ਚ ਜੇਕਰ ਤੁਹਾਡੇ ਕੋਈ ਸਵਾਲ ਜਾਂ ਫਿਕਰ ਹੋਣ ਤਾਂ ਤੁਹਾਡੀ ਪਹੁੰਚ ਲਈ ਸਰੋਤ ਅਤੇ ਸਹਾਇਤਾ ਉਪਲਬਧ ਹਨ। ਯਾਦ ਰੱਖੋ, ਚੰਗੀ ਹਾਜ਼ਰੀ ਹਰ ਇਕ ਦਾ ਫਿਕਰ ਹੈ, ਇਸ ਲਈ ਲੋੜ ਪਵੇ ਤਾਂ ਸਹਾਇਤਾ ਲਵੋ।*

ਤੁਸੀਂ ਗੱਲ ਕਰ ਸਕਦੇ ਹੋ:

- ਆਪਣੇ ਬੱਚੇ ਦੇ ਅਧਿਆਪਕ ਨਾਲ
- ਸਕੂਲ ਦੇ ਪ੍ਰਿੰਸੀਪਲ ਨਾਲ
- ਸਕੂਲ ਦੇ ਗਾਈਡੈਂਸ ਕਾਊਂਸਲਰ ਨਾਲ
- ਸਰੋਤ ਅਧਿਆਪਕ ਨਾਲ
- ਸਕੂਲ ਡਿਵਿਜ਼ਨ ਦੇ ਸੁਪੋਰਟ ਸਰਵਿਸ ਸਟਾਫ ਨਾਲ
- Manitoba Association of Parent Councils (MAPC) ਨਾਲ
- ਮੈਨੀਟੋਬਾ ਸਿੱਖਿਆ ਵਿਭਾਗ ਨਾਲ (Manitoba Education)
- ਹੈਲਥੀ ਚਾਈਲਡ ਮੈਨੀਟੋਬਾ ਨਾਲ (Healthy Child Manitoba)
- www.manitobaparentzone.ca

Manitoba

**ਰੋਜ਼ਾਨਾ ਹਾਜ਼ਰੀ ਸਾਰੇ ਵਿਦਿਆਰਥੀਆਂ ਲਈ ਮਹੱਤਵਪੂਰਨ ਹੈ। ਜਿਹੜੇ ਵਿਦਿਆਰਥੀ ਬਾਕਾਇਦਾ ਹਾਜ਼ਰ ਹੁੰਦੇ ਹਨ ਉਹ ਸਿੱਖਣ ‘ਚ ਵਧੇਰੇ ਰੁੱਝੇ ਹੁੰਦੇ ਹਨ, ਉਨ੍ਹਾਂ ‘ਚ ਆਪਣੀ ਕਮਿਊਨਿਟੀ ਨਾਲ ਜੁੜੇ ਹੋਣ ਦੀ ਵਧੇਰੇ ਭਾਵਨਾ ਹੁੰਦੀ ਹੈ ਅਤੇ ਉਨ੍ਹਾਂ ਦੇ ਗਰੈਜੂਏਟ ਹੋਣ ਦੀ ਵਧੇਰੇ ਸੰਭਾਵਨਾ ਹੁੰਦੀ ਹੈ।**

Manitoba Association of Parent Councils


**Manitoba Association of Parent Councils**

1005—401 York Avenue
Winnipeg MB R3C 0P8

ਫੋਨ : 204-956-1770
ਟਾਲ ਫਰੀ : 877-290-4702
ਫੈਕਸ : 204-956-7780
ਈ-ਮੇਲ : info@mapc.mb.ca
Facebook: www.facebook.com/mapcmb
Twitter: www.twitter.com/mapcmb


Manitoba Association of Parent Councils

# ਬਾਕਾਇਦਾ ਰੋਜ਼ਾਨਾ ਹਾਜ਼ਰੀ ਦੀ ਹਿਮਾਇਤ ਕਰਦਿਆਂ

*ਮੈਨੀਟੋਬਾ ਦੇ ਸਕੂਲਾਂ ‘ਚ ਸਿੱਖਣ ਵਾਸਤੇ ਮਦਦ ਕਰਨ ਲਈ ਮਾਪੇ ਕੀ ਕਰ ਸਕਦੇ ਹਨ*



*2009 ਤੋਂ ਲੈ ਕੇ ਮੈਨੀਟੋਬਾ ਸਿੱਖਿਆ ਵਿਭਾਗ ਨੇ ਸਕੂਲਾਂ 'ਚ ਚੰਗੇਰੀ ਹਾਜ਼ਰੀ ਹੋਣ 'ਚ ਮਦਦ ਕਰਨ ਲਈ ਕਈ ਸਾਰੇ ਉੱਦਮ ਕੀਤੇ ਹਨ। 2012 'ਚ ਮੈਨੀਟੋਬਾ ਦੇ ਵਿਦਿਆਰਥੀਆਂ ਲਈ ਬਾਕਾਇਦਾ ਰੋਜ਼ਾਨਾ ਹਾਜ਼ਰੀ ਦੇ ਮਹੱਤਵ ਬਾਰੇ ਮਾਪਿਆਂ 'ਚ ਜਾਗਰੂਕਤਾ ਵਧਾਉਣ ਵਾਸਤੇ Manitoba Association of Parent Councils (MAPC) ਮੈਨੀਟੋਬਾ ਸਿੱਖਿਆ ਵਿਭਾਗ ਨਾਲ ਇਕ ਭਾਈਵਾਲੀ 'ਚ ਸ਼ਾਮਲ ਹੋਏ*

**ਹਰ ਕੋਈ**
**ਸਕੂਲ ਵਿਚ**
**ਹਰ ਰੋਜ਼**



# ਕੀ ਤੁਸੀਂ ਜਾਣਦੇ ਹੋ...

- ਮੈਨੀਟੋਬਾ 'ਚ ਸਕੂਲ 'ਚ ਹਾਜ਼ਰੀ ਜ਼ਰੂਰੀ ਹੈ-*ਚੋਣ ਨਹੀਂ*
- ਜੇਕਰ ਤੁਹਾਡਾ ਬੱਚਾ ਹਰ ਰੋਜ਼ 10 ਮਿੰਟ ਲੇਟ ਹੁੰਦਾ ਹੈ ਤਾਂ ਉਨ੍ਹਾਂ ਨੇ ਸਕੂਲ ਵਰ੍ਹੇ ਦੇ ਅੰਤ ਤੱਕ *ਪੜ੍ਹਾਈ ਦੇ ਛੇ ਦਿਨ* ਗਵਾ ਲਏ ਹੋਣਗੇ।
- ਜੇਕਰ ਤੁਹਾਡਾ ਬੱਚਾ ਹਰ ਮਹੀਨੇ ਸਕੂਲ ਦੇ ਦੋ ਦਿਨ ਖੁੰਝਾਉਂਦਾ ਹੈ, ਤਾਂ ਉਨ੍ਹਾਂ ਨੇ ਸਕੂਲ ਵਰ੍ਹੇ ਦੇ ਅੰਤ ਤੱਕ *ਪੜ੍ਹਾਈ ਯੋਗ ਇਕ ਮਹੀਨਾ* ਗਵਾ ਲਿਆ ਹੋਵੇਗਾ।
- ਜੇਕਰ ਤੁਹਾਡਾ ਬੱਚਾ ਹਰ ਸਾਲ ਸਕੂਲ ਦੇ 15 ਦਿਨ ਖੁੰਝਾਉਂਦਾ ਹੈ, ਤਾਂ ਉਨ੍ਹਾਂ ਨੇ ਗਰੇਡ 12 ਦੇ ਅੰਤ ਤੱਕ *ਪੜ੍ਹਾਈ ਦਾ ਇਕ ਸਾਲ* ਗਵਾ ਲਿਆ ਹੋਵੇਗਾ।
- ਜਿਹੜੇ ਵਿਦਿਆਰਥੀ ਬਾਕਾਇਦਾ ਹਾਜ਼ਰ ਹੁੰਦੇ ਹਨ ਉਹ ਸਿੱਖਣ 'ਚ ਵਧੇਰੇ ਰੁੱਝੇ ਹੁੰਦੇ ਹਨ, ਉਨ੍ਹਾਂ 'ਚ ਆਪਣੀ ਕਮਿਊਨਿਟੀ ਨਾਲ ਜੁੜੇ ਹੋਣ ਦੀ ਵਧੇਰੇ ਭਾਵਨਾ ਹੁੰਦੀ ਹੈ ਅਤੇ ਉਨ੍ਹਾਂ ਦੇ ਗਰੈਜੂਏਟ ਹੋਣ ਦੀ ਵਧੇਰੇ ਸੰਭਾਵਨਾ ਹੁੰਦੀ ਹੈ।
- ਹਾਈ ਸਕੂਲ ਡਿਪਲੋਮੇ ਤੋਂ ਬਗੈਰ ਵਾਲੇ ਵਿਅਕਤੀ ਹਾਈ ਸਕੂਲ ਗਰੈਜੂਏਟਾਂ ਨਾਲੋਂ ਸੰਭਾਵੀ ਤੌਰ 'ਤੇ ਬੇਰੋਜ਼ਗਾਰੀ ਦਾ ਦੁੱਗਣਾ ਅਨੁਭਵ ਕਰਦੇ ਅਤੇ ਘੱਟ ਆਮਦਨੀ ਕਮਾਉਂਦੇ ਹਨ।

## 18 ਸਾਲ ਦੀ ਉਮਰ ਤੱਕ ਸਿੱਖਿਆ ਦਾ ਰੈਗੂਲੇਸ਼ਨ

*ਸਤੰਬਰ 2012 'ਚ, ਮੈਨੀਟੋਬਾ ਸਿੱਖਿਆ ਵਿਭਾਗ ਨੇ* ***Preparing Students for Success Act****, ਲਿਆਂਦਾ, ਜਿਸ ਨਾਲ ਜ਼ਰੂਰੀ ਸਕੂਲ ਹਾਜ਼ਰੀ ਲਈ ਉਮਰ 16 ਸਾਲ ਤੋਂ ਵਧਕੇ 18 ਸਾਲ ਹੋ ਗਈ। ਇਸ ਰੈਗੂਲੇਸ਼ਨ ਦਾ ਨਿਸ਼ਾਨਾ ਇਹ ਯਕੀਨੀ ਬਣਾਉਣਾ ਹੈ ਕਿ ਮੈਨੀਟੋਬਾ 'ਚ ਗਰੈਜੂਏਸ਼ਨ ਦੀਆਂ ਦਰਾਂ ਉੱਚੀਆਂ ਹੋਣ ਅਤੇ ਸਿੱਖਿਅਕਾਂ ਨੂੰ ਜ਼ਿੰਦਗੀ 'ਚ ਸਫਲ ਹੋਣ ਲਈ ਵਧੇਰੇ ਮੌਕੇ ਪੇਸ਼ ਕੀਤੇ ਜਾਣ।*

# ਚੰਗੇਰੀ ਹਾਜ਼ਰੀ ਦੀ ਹਿਮਾਇਤ 'ਚ ਪਰਿਵਾਰ ਕੀ ਕਰ ਸਕਦੇ ਹਨ

- ਸਕੂਲ ਅਤੇ ਸਿੱਖਿਆ ਲਈ ਆਪਣੀ ਹਿਮਾਇਤ ਦਰਸਾਉਣ ਲਈ ਸਕੂਲ ਈਵੈਂਟਾਂ ਤੇ ਐਕਟਿਵਿਟੀਆਂ 'ਚ ਸ਼ਾਮਲ ਹੋਣਾ
- ਛੋਟੀ ਉਮਰ ਤੋਂ ਹੀ ਸ਼ੁਰੂ ਕਰਕੇ ਆਪਣੇ ਬੱਚਿਆਂ ਨਾਲ ਹਾਜ਼ਰੀ ਦੇ ਮਹੱਤਵ ਬਾਰੇ ਗੱਲ ਕਰਨਾਂ
- ਜੇਕਰ ਕੋਈ ਸਮੱਸਿਆ ਜਾਂ ਸ਼ਿਕਵਾ ਹੋਵੇ ਤਾਂ ਸਕੂਲ ਨਾਲ ਬਾਕਾਇਦਾ ਸੰਪਰਕ ਬਣਾਉਣਾ ਅਤੇ ਇੱਕਠਿਆਂ ਮਿਲਕੇ ਉਸਦੇ ਹੱਲ ਵਾਸਤੇ ਤਰੀਕੇ ਲੱਭਣਾ
- ਤਣਾਉ ਨੂੰ ਘਟਾਉਣ ਵਾਸਤੇ ਆਪਣੇ ਬੱਚੇ ਦੀ ਆਉਣ ਵਾਲੇ ਸਕੂਲੀ ਦਿਨ ਲਈ ਤਿਆਰੀ ਕਰਨ ਤੇ ਯੋਜਨਾ ਬਣਾਉਣ 'ਚ ਮਦਦ ਕਰਨਾ
- ਆਪਣੇ ਗੁਆਂਢ-ਭਾਈਚਾਰੇ 'ਚ ਹੋਰ ਪਰਿਵਾਰਾਂ ਨਾਲ ਯੋਜਨਾਂ ਬਣਾਉਣਾ ਤਾਂ ਕਿ ਬੱਚੇ ਇਕੱਠਿਆਂ ਤੁਰਕੇ ਸਕੂਲ ਜਾਣ
- ਜਦੋਂ ਵੀ ਸੰਭਵ ਹੋਵੇ ਸਕੂਲੀ ਦਿਨ ਦੌਰਾਨ ਐਪੁਆਇੰਟਮੈਂਟਾਂ ਬਣਾਉਣਾ
- ਜਦੋਂ ਵੀ ਸੰਭਵ ਹੋਵੇ ਸਕੂਲ ਵਰ੍ਹੇ ਦੌਰਾਨ ਛੁੱਟੀਆਂ ਮਨਾਉਣ ਤੇ ਬਾਹਰ ਜਾਣ ਲਈ ਯੋਜਨਾਵਾਂ ਬਣਾਉਣਾ
- ਆਪਣੇ ਸਕੂਲ ਨਾਲ ਵਾਕਿੰਗ ਸਕੂਲ ਬੱਸ ਸ਼ੁਰੂ ਕਰਨ ਬਾਰੇ ਗੱਲ ਕਰਨਾਂ

**ਤੁਹਾਡੇ ਕਾਰਜ ਸ਼ਬਦਾਂ ਨਾਲੋਂ ਉੱਚਾ ਬੋਲਦੇ ਹਨ! ਸਮੇਂ ਸਿਰ ਆਉ ਅਤੇ ਵਿਖਾਉ ਕਿ ਤੁਸੀਂ ਬਾਕਾਇਦਾ ਹਾਜ਼ਰੀ ਅਤੇ ਸਿੱਖਿਆ ਦਾ ਮੁੱਲ ਪਾਉਂਦੇ ਹੋ।**

# ਚੰਗੀ ਹਾਜ਼ਰੀ ਲਈ ਮਦਦ ਪ੍ਰਦਾਨ ਕਰਨ ਲਈ ਸਕੂਲ ਕੀ ਕਰ ਸਕਦੇ ਹਨ?

- ਇਹ ਯਕੀਨੀ ਬਣਾਉਣ ਲਈ ਕੰਮ ਕਰਨ ਕਿ ਹਰੇਕ ਬੱਚੇ ਲਈ ਸਕੂਲ 'ਚ ਇਕ ਵਿਸ਼ਵਾਸ਼ਯੋਗ ਬਾਲਗ ਵਿਅਕਤੀ ਹੋਵੇ ਜਿਸ ਨਾਲ ਉਹ ਜਦੋਂ ਕੋਈ ਸਮੱਸਿਆ ਹੋਵੇ ਤਾਂ ਗੱਲ ਕਰ ਸਕਣ।
- ਪਰਿਵਾਰਾਂ ਨਾਲ ਵਿਸ਼ੇਸ਼ ਈਵੈਂਟਾਂ ਬਾਰੇ ਅਤੇ ਸਕੂਲ 'ਚ ਪਰਿਵਾਰਾਂ ਦੀ ਸ਼ਮੂਲੀਅਤ ਦੇ ਵਾਧੇ ਬਾਰੇ ਬਾਕਾਇਦਾ ਸੰਚਾਰ ਬਣਾਉਣ।
- ਇਕ ਸੁਆਗਤੀ ਮਾਹੌਲ ਪੈਦਾ ਕਰਨ ਤਾਂ ਕਿ ਵਿਦਿਆਰਥੀ ਅਤੇ ਪਰਿਵਾਰ ਦੋਵੇਂ ਆਪਣੀ ਸਕੂਲ ਕਮਿਊਨਿਟੀ 'ਚ ਮੁੱਲਵਾਨ ਮਹਿਸੂਸ ਕਰਨ।